ਜੇਕਰ ਕੰਮ ਤੇ ਕੁਝ ਗਲਤ ਲੱਗਦਾ ਹੈ ਜਾਂ ਤੁਹਾਡੇ ਵੀਜ਼ਾ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ, ਤਾਂ ਇਹ ਕਰਨਾ ਹੈ

# ਕੰਮ ਵਾਲੀ ਜਗ੍ਹਾ ਤੇ ਸ਼ੋਸ਼ਣ ਦੀ ਰਿਪੋਰਟ ਕਿਵੇਂ ਕਰੀਏ

**ਪੰਜਾਬੀ**

UNIONSWA
MULTICULTURAL WORKERS COLLECTIVE

## ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਇਨ੍ਹਾਂ ਵੀਜ਼ਾ ਸੁਰੱਖਿਆਵਾਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ?

ਕਿਸੇ ਯੂਨੀਅਨ, ਕਾਨੂੰਨੀ ਕੇਂਦਰ ਜਾਂ ਪ੍ਰਵਾਸੀ ਸਹਾਇਤਾ ਸੇਵਾ ਤੋਂ ਪੁੱਛੋ।

UNIONSWA
MULTICULTURAL WORKERS COLLECTIVE

**UNIONSWA.COM.AU/MWC**
**(08) 6313 6000**

This material was developed with funding from the Australian Government.

## ਵੀਜ਼ਾ ਸੁਰੱਖਿਆਵਾਂ

ਆਸਟ੍ਰੇਲੀਆਈ ਸਰਕਾਰ ਨੇ ਅਜਿਹੇ ਅਸਥਾਈ ਵੀਜ਼ਾ ਧਾਰਕਾਂ ਲਈ ਨਵੀਂਆਂ ਸੁਰੱਖਿਆਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਨੇ ਕੰਮ-ਕਾਜ ਵਾਲੇ ਸਥਾਨ ਤੇ ਸ਼ੋਸ਼ਣ ਦਾ ਅਨੁਭਵ ਕੀਤਾ ਹੈ। ਇਹ ਸੁਰੱਖਿਆਵਾਂ ਤੁਹਾਨੂੰ ਵੀਜ਼ਾ ਰੱਦ ਹੋਣ ਦੇ ਡਰ ਤੋਂ ਬਿਨਾਂ ਸ਼ੋਸ਼ਣ ਦੀ ਰਿਪੋਰਟ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।

**ਵਰਕਪਲੇਸ ਜਸਟਿਸ ਵੀਜ਼ਾ** ਇੱਕ ਅਸਥਾਈ ਵੀਜ਼ਾ ਹੈ ਜੋ ਕੁਝ ਅਸਥਾਈ ਵੀਜ਼ਾ ਧਾਰਕਾਂ, ਜਾਂ ਹਾਲ ਹੀ ਦੇ ਅਸਥਾਈ ਵੀਜ਼ਾ ਧਾਰਕਾਂ ਨੂੰ ਆਸਟ੍ਰੇਲੀਆ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ ਤਾਂ ਜੋ ਜੇਕਰ ਉਨ੍ਹਾਂ ਦਾ ਕੰਮ ਤੇ ਸ਼ੋਸ਼ਣ ਹੋਇਆ ਹੈ ਤਾਂ ਉਹ ਕਾਨੂੰਨੀ ਕਾਰਵਾਈ ਵਾਸਤੇ ਕਦਮ ਚੁੱਕ ਸਕਣ।

**ਰਿਪੋਰਟਿੰਗ ਸੁਰੱਖਿਆ ਨੂੰ ਮਜ਼ਬੂਤੀ (Strengthening Reporting Protections-SRP)** ਇੱਕ ਸੰਘੀ ਪਹਿਲ ਹੈ ਜੋ ਅਸਥਾਈ ਵੀਜ਼ਾ ਧਾਰਕਾਂ ਨੂੰ ਵੀਜ਼ਾ ਰੱਦ ਹੋਣ ਤੋਂ ਬਚਾਉਂਦੀ ਹੈ ਜੇਕਰ ਉਹ ਕੰਮ ਵਾਲੀ ਥਾਂ ਤੇ ਸ਼ੋਸ਼ਣ ਦੀ ਰਿਪੋਰਟ ਕਰਦੇ ਹਨ। ਇਹ ਕਾਮਿਆਂ ਨੂੰ ਬਿਨਾਂ ਕਿਸੇ ਡਰ ਦੇ ਅੱਗੇ ਆਉਣ ਦੀ ਆਗਿਆ ਦਿੰਦਾ ਹੈ, ਭਾਵੇਂ ਉਨ੍ਹਾਂ ਨੇ ਆਪਣੇ ਵੀਜ਼ੇ ਦੀ ਕਿਸੇ ਸ਼ਰਤ ਦੀ ਉਲੰਘਣਾ ਵੀ ਕਿਉਂ ਨਾ ਕੀਤੀ ਹੋਵੇ।

### 1 ਆਪਣੇ ਸਹਿਕਰਮੀਆਂ ਨਾਲ ਗੱਲ ਕਰੋ:

ਆਪਣੇ ਕੰਮ ਵਾਲੀ ਜਗ੍ਹਾ ਤੇ ਆਪਣੇ ਸਾਥੀਆਂ ਨੂੰ ਪੁੱਛੋ ਕਿ ਕੀ ਉਨ੍ਹਾਂ ਦਾ ਵੀ ਤੁਹਾਡੇ ਮਾਲਕ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

### 2 ਰਿਕਾਰਡ ਰੱਖੋ:

ਨਜ਼ਰ ਰੱਖਣ ਲਈ ਇੱਕ ਨੋਟਬੁੱਕ ਦੀ ਵਰਤੋਂ ਕਰੋ:

- ਕੰਮ ਕੀਤੇ ਗਏ ਘੰਟੇ
- ਸ਼ਿਫਟਾਂ ਸ਼ੁਰੂ/ਅੰਤ ਕਰਨ ਦੇ ਸਮੇਂ
- ਆਰਾਮ/ਬ੍ਰੇਕ ਲੈਣ ਦੇ ਸਮੇਂ
- ਪ੍ਰਾਪਤ ਹੋਈ ਤਨਖਾਹ (ਨਕਦ ਜਾਂ ਹੋਰ)
- ਕੋਈ ਵੀ ਅਨੁਚਿਤ ਵਿਵਹਾਰ (ਤਾਰੀਖ, ਸਮਾਂ, ਸਥਾਨ, ਕੌਣ-ਕੌਣ ਮੌਜੂਦ ਸੀ)

### 3 ਜਾਂਚਕਰਤਾਵਾਂ ਨਾਲ ਸਹਿਯੋਗ ਕਰੋ:

ਜੇਕਰ ਫੇਅਰ ਵਰਕ ਓਮਬਡਸਮੈਨ ਜਾਂ ਯੂਨੀਅਨ ਸਟਾਫ਼ ਤੁਹਾਡੇ ਕੰਮ ਵਾਲੀ ਥਾਂ ਤੇ ਆਉਂਦੇ ਹਨ, ਤਾਂ ਉਨ੍ਹਾਂ ਦਾ ਸਹਿਯੋਗ ਕਰੋ। ਜੇਕਰ ਲੋੜ ਹੋਵੇ ਤਾਂ ਤੁਸੀਂ ਆਪਣੇ ਕੰਮ ਵਾਲੀ ਥਾਂ ਤੋਂ ਬਾਹਰ ਮਿਲਣ ਲਈ ਕਹਿ ਸਕਦੇ ਹੋ।

### 4 ਰਿਪੋਰਟ ਕਰਨ ਦੀ ਤਿਆਰੀ ਦੀ ਚੈੱਕਲਿਸਟ:

- ABN, ਤੁਹਾਡੇ ਨਿਯੁਕਤਾ/ਰੁਜ਼ਗਾਰਦਾਤਾ ਦਾ ਕਾਨੂੰਨੀ/ਵਪਾਰਕ (ਟ੍ਰੇਡਿੰਗ) ਨਾਮ
- ਨੌਕਰੀ ਸ਼ੁਰੂਆਤ ਕਰਨ ਦੀ ਮਿਤੀ
- ਅਵਾਰਡ ਜਾਂ ਐਂਟਰਪ੍ਰਾਈਜ਼ ਸਮਝੌਤਾ (ਜੇ ਲਾਗੂ ਹੋਵੇ)
- ਤਨਖਾਹ ਸਲਿੱਪਾਂ, ਇਨਵੌਇਸਾਂ, ਰੁਜ਼ਗਾਰ ਇਕਰਾਰਨਾਮਾ
- ਕੋਈ ਵੀ ਸੰਬੰਧਿਤ ਸੁਨੇਹੇ (ਮੈਸੇਜ) ਜਾਂ ਈਮੇਲ

## ਸ਼ੋਸ਼ਣ ਜਾਂ ਧਾਲਣਾ ਨਾ ਕੀਤੇ ਜਾਣ ਦੇ ਸੰਕੇਤ

- ਘੱਟ ਕੀਤਾ ਗਿਆ ਭੁਗਤਾਨ
- ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਵਾਸਤੇ ਦਬਾਅ
- ਜਿਸਮਾਨੀ ਜ਼ਬਰਦਸਤੀ (Sexual coercion)
- ਤੁਹਾਡਾ ਵੀਜ਼ਾ ਰੱਦ ਕਰਨ ਦੀਆਂ ਧਮਕੀਆਂ
- ਰਹਿਣ-ਸਹਿਣ ਦੀਆਂ ਬੁਰੀਆਂ ਸਥਿਤੀਆਂ
- ਤੁਹਾਡੇ ਕੋਲੋਂ ਤੁਹਾਡਾ ਪਾਸਪੋਰਟ ਲੈ ਲੈਣਾ